
PUNJABI - ਪੰਜਾਬੀ

COURT NETWORK



# VCAT ਵਿੱਚ ਤੁਹਾਡਾ ਦਿਨ

## ਇੱਕ ਗਾਈਡ

ਵਿਕਟੋਰੀਅਨ ਸਿਵਲ ਐਂਡ ਐਡਮਿਨਿਸਟ੍ਰੇਟਿਵ ਟ੍ਰਿਬਿਊਨਲ (VCAT)

# VCAT ਕੀ ਹੈ?

VCAT (ਵਿਕਟੋਰੀਅਨ ਸਿਵਲ ਐਂਡ ਐਡਮਿਨਿਸਟ੍ਰੇਟਿਵ ਟ੍ਰਿਬਿਊਨਲ) ਵਿਕਟੋਰੀਆ ਵਿੱਚ ਇੱਕ ਖ਼ੁਦਮੁਖ਼ਤਿਆਰ ਟ੍ਰਿਬਿਊਨਲ ਹੈ, ਜੋ ਕਿਰਾਏਦਾਰੀ, ਖ਼ਪਤਕਾਰ, ਸਰਪ੍ਰਸਤੀ, ਅਤੇ ਪ੍ਰਸ਼ਾਸ਼ਕੀ ਮਾਮਲਿਆਂ ਸਮੇਤ ਬਹੁਤ ਕਿਸਮਾਂ ਦੇ ਵਿਵਾਦਾਂ ਨੂੰ ਹੱਲ ਕਰਦਾ ਹੈ। ਇਹ ਵਿਵਾਦਾਂ ਨੂੰ ਹੱਲ ਕਰਨ ਲਈ ਅਦਾਲਤ ਵਿੱਚ ਜਾਣ ਨਾਲੋਂ ਤੇਜ਼, ਘੱਟ ਰਸਮੀ ਅਤੇ ਵਧੇਰੇ ਕਿਫ਼ਾਇਤੀ ਤਰੀਕੇ ਪ੍ਰਦਾਨ ਕਰਦਾ ਹੈ।

VCAT ਵਿਖੇ ਆਉਣਾ ਇੱਕ ਕਾਨੂੰਨੀ ਪ੍ਰਕਿਰਿਆ ਹੈ, ਅਤੇ ਸੁਣਵਾਈ ਦੇ ਅੰਤ 'ਤੇ ਇੱਕ ਆਦੇਸ਼ ਜਾਰੀ ਕੀਤਾ ਜਾਵੇਗਾ। ਸਾਰੀਆਂ ਧਿਰਾਂ ਨੂੰ ਉਹੀ ਕਰਨਾ ਚਾਹੀਦਾ ਹੈ ਜੋ ਆਦੇਸ਼ ਕਹਿੰਦਾ ਹੈ, ਜਾਂ ਅਗ਼ਲੇਰੀ ਕਾਰਵਾਈ ਕੀਤੇ ਜਾਣ ਦਾ ਖ਼ਤਰਾ ਹੋ ਸਕਦਾ ਹੈ, ਜਿਵੇਂ ਕਿ ਅਦਾਲਤ ਵਿੱਚ ਲਿਜਾਇਆ ਜਾਣਾ।

VCAT ਵਿਖੇ, ਸਾਰੇ ਮਾਮਲਿਆਂ ਦੀ ਨਿਗਰਾਨੀ ਕਰਨ, ਫ਼ੈਸਲੇ ਲੈਣ ਅਤੇ ਆਦੇਸ਼ ਦੇਣ ਵਾਲੇ ਵਿਅਕਤੀ ਨੂੰ 'ਮੈਂਬਰ' ਕਿਹਾ ਜਾਂਦਾ ਹੈ।

# RDRV ਕੀ ਹੈ?

RDRV (ਰੈਂਟਲ ਡਿਸਪਿਊਟ ਰੈਜ਼ੋਲਿਊਸ਼ਨ ਵਿਕਟੋਰੀਆ) ਇੱਕ ਮੁਫ਼ਤ, ਸਵੈ-ਇੱਛਾ ਨਾਲ, ਦੂਸਰੇ ਤਰੀਕੇ ਦੀ ਵਿਵਾਦ ਨਿਪਟਾਰਾ ਸੇਵਾ ਹੈ, ਜੋ VCAT ਦੁਆਰਾ ਚਲਾਈ ਜਾਂਦੀ ਹੈ। RDRV ਕਿਰਾਏ ਦੇ ਬਹੁਤ ਸਾਰੇ ਮੁੱਦਿਆਂ ਬਾਰੇ ਵਿਵਾਦਾਂ ਨੂੰ ਹੱਲ ਕਰਨ ਵਿੱਚ ਸਹਾਇਤਾ ਕਰ ਸਕਦੀ ਹੈ, ਜਿਸ ਵਿੱਚ ਕਿਰਾਏ ਵਿੱਚ ਵਾਧਾ, ਮੁਰੰਮਤ ਅਤੇ ਬੌਂਡ ਸ਼ਾਮਲ ਹਨ।



# VCAT ਮਾਮਲਿਆਂ ਦੀਆਂ ਕਿਸਮਾਂ

ਇੱਥੇ ਬਹੁਤ ਸਾਰੀਆਂ ਕਿਸਮਾਂ ਦੇ ਮਾਮਲੇ ਹਨ, ਜਿਨ੍ਹਾਂ ਨੂੰ VCAT ਵਿਖੇ ਹੱਲ ਕੀਤਾ ਜਾ ਸਕਦਾ ਹੈ, ਅਤੇ ਪੂਰੀ ਸੂਚੀ ਅਤੇ ਹਰੇਕ ਦਾ ਵੇਰਵਾ https://www.vcat.vic.gov.au/case-types 'ਤੇ ਲੱਭਿਆ ਜਾ ਸਕਦਾ ਹੈ।

ਕੁਝ ਸਭ ਤੋਂ ਵੱਧ ਆਮ ਮਾਮਲਿਆਂ ਵਿੱਚ ਸ਼ਾਮਲ ਹਨ:

- ਰਿਹਾਇਸ਼ੀ: ਵਿਕਟੋਰੀਆ ਵਿੱਚ ਕਿਰਾਏ 'ਤੇ ਰਹਿਣ ਵਾਲਿਆਂ (ਕਿਰਾਏਦਾਰਾਂ) ਅਤੇ ਮਕਾਨ ਕਿਰਾਏ 'ਤੇ ਦੇਣ ਵਾਲਿਆਂ (ਮਕਾਨ ਮਾਲਕਾਂ) ਵਿਚਕਾਰ ਕਿਰਾਏ ਦੀ ਜਾਇਦਾਦ ਬਾਰੇ ਵਿਵਾਦ।
- ਸਰਪ੍ਰਸਤੀ, ਪ੍ਰਸ਼ਾਸਕ ਜਾਂ ਮੁਖ਼ਤਿਆਰਨਾਮਾ (ਪਾਵਰ ਆਫ਼ ਅਟਾਰਨੀ): ਇਨ੍ਹਾਂ ਭੂਮਿਕਾਵਾਂ ਲਈ ਵਿਅਕਤੀ ਨਿਯੁਕਤ ਕਰਨ, ਜਾਂ ਇਨ੍ਹਾਂ ਭੂਮਿਕਾਵਾਂ ਦਾ ਮੁੜ ਮੁਲਾਂਕਣ ਕਰਨ ਜਾਂ ਰੱਦ ਕਰਨ ਦੇ ਮੌਕੇ।
- ਵਸਤੂਆਂ ਅਤੇ ਸੇਵਾਵਾਂ: ਖ਼ਰੀਦੇ ਜਾਂ ਵੇਚੇ ਗਏ ਉਤਪਾਦਾਂ ਅਤੇ ਸੇਵਾਵਾਂ ਬਾਰੇ ਵਿਵਾਦ।



# VCAT ਜਾਣ ਦੀ ਤਿਆਰੀ ਕਰਨਾ

ਤੁਸੀਂ VCAT ਅਰਜ਼ੀ ਨੂੰ ਔਨਲਾਈਨ www.vcat.vic.gov.au 'ਤੇ ਜਾਂ ਵਿਅਕਤੀਗਤ ਤੌਰ 'ਤੇ ਕਿਸੇ ਵੀ VCAT ਦਫ਼ਤਰ ਵਿੱਚ ਅਰਜ਼ੀ ਦੇ ਸਕਦੇ ਹੋ।

ਸੰਭਾਵਿਤ ਤੌਰ 'ਤੇ ਤੁਹਾਨੂੰ ਆਪਣੀ ਅਰਜ਼ੀ ਵਿੱਚ ਜਾਣਕਾਰੀ, ਸਬੂਤ ਅਤੇ ਸੰਪਰਕ ਦੇ ਵੇਰਵੇ ਸ਼ਾਮਲ ਕਰਨ, ਅਤੇ ਅਰਜ਼ੀ ਫ਼ੀਸ ਦਾ ਭੁਗਤਾਨ ਕਰਨ ਲਈ ਕਿਹਾ ਜਾਵੇਗਾ।

VCAT ਤੁਹਾਡੀ ਅਰਜ਼ੀ ਦੀ ਸਮੀਖਿਆ ਕਰੇਗਾ ਅਤੇ ਅਗਲੇ ਕਦਮਾਂ ਦਾ ਨਿਰਣਾ ਕਰੇਗਾ, ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਕੀ ਤੁਹਾਡੇ ਕੇਸ ਦੀ ਸੁਣਵਾਈ ਔਨਲਾਈਨ ਜਾਂ ਵਿਅਕਤੀਗਤ ਤੌਰ 'ਤੇ ਕੀਤੀ ਜਾਵੇਗੀ। VCAT ਤੋਂ ਹਰ ਸੰਚਾਰ ਨੂੰ ਤੁਹਾਡੇ ਨਾਲ ਫ਼ੋਨ, ਡਾਕ ਜਾਂ ਈਮੇਲ ਰਾਹੀਂ ਸਾਂਝਾ ਕੀਤਾ ਜਾਵੇਗਾ।

ਹਾਲਾਂਕਿ ਤੁਹਾਨੂੰ VCAT ਦੀ ਸੁਣਵਾਈ ਵਿੱਚ ਹਾਜ਼ਰ ਹੋਣ ਲਈ ਕਿਸੇ ਵਕੀਲ ਦੀ ਲੋੜ ਨਹੀਂ ਹੈ, ਪਰ VCAT ਕੋਲ ਅਰਜ਼ੀ ਦਾਇਰ ਕਰਨ ਤੋਂ ਪਹਿਲਾਂ ਕਾਨੂੰਨੀ ਸਲਾਹ ਲੈਣਾ ਲਾਭਦਾਇਕ ਹੋ ਸਕਦਾ ਹੈ।



# VCAT ਵਿਖੇ ਹਾਜ਼ਰ ਹੋਣਾ

ਇਹ ਜਾਣਨ ਲਈ, ਕਿਰਪਾ ਕਰਕੇ VCAT ਕੋਲੋਂ ਆਏ ਆਪਣੇ ਚਿੱਠੀ-ਪੱਤਰਾਂ ਨੂੰ ਵੇਖੋ ਕਿ ਕੀ ਤੁਹਾਨੂੰ ਆਪਣੀ ਸੁਣਵਾਈ ਵਿੱਚ ਔਨਲਾਈਨ ਜਾਂ ਵਿਅਕਤੀਗਤ ਤੌਰ 'ਤੇ ਹਾਜ਼ਰ ਹੋਣ ਦੀ ਲੋੜ ਹੈ। ਇਹ ਯਕੀਨੀ ਬਣਾਓ ਕਿ ਤੁਸੀਂ ਆਪਣੀ ਸੁਣਵਾਈ ਦੀ ਤਾਰੀਖ਼ ਤੋਂ ਪਹਿਲਾਂ ਲੋੜੀਂਦੇ ਦਸਤਾਵੇਜ਼ ਜਮ੍ਹਾਂ ਕਰਵਾ ਦਿੱਤੇ ਹਨ।

**ਜੇ ਵਿਅਕਤੀਗਤ ਤੌਰ 'ਤੇ ਹਾਜ਼ਰ ਹੋ ਰਹੇ ਹੋ, ਤਾਂ ਕਿਰਪਾ ਕਰਕੇ ਚੇਤੇ ਰੱਖੋ:**

- VCAT ਹਮੇਸ਼ਾਂ ਜਨਤਕ ਆਵਾਜਾਈ ਦੇ ਨੇੜੇ ਨਹੀਂ ਹੁੰਦਾ, ਅਤੇ ਪਾਰਕਿੰਗ ਹਮੇਸ਼ਾਂ ਉਪਲਬਧ ਨਹੀਂ ਹੁੰਦੀ ਹੈ। ਆਪਣੀ ਸੁਣਵਾਈ ਦੀ ਤਾਰੀਖ਼ ਤੋਂ ਪਹਿਲਾਂ, ਇਸ ਗੱਲ 'ਤੇ ਵਿਚਾਰ ਕਰੋ ਕਿ ਤੁਸੀਂ VCAT ਤੱਕ ਕਿਵੇਂ ਪਹੁੰਚੋਗੇ ਅਤੇ ਵਾਪਸ ਆਉਗੇ।
- ਇਹ ਯਕੀਨੀ ਬਣਾਓ ਕਿ ਤੁਸੀਂ ਆਪਣੇ ਸੁਣਵਾਈ ਦੇ ਸਮੇਂ ਤੋਂ ਘੱਟੋ ਘੱਟ 30 ਮਿੰਟ ਪਹਿਲਾਂ VCAT ਪਹੁੰਚ ਜਾਂਦੇ ਹੋ।
- VCAT ਵਿੱਚ ਦਾਖ਼ਲ ਹੋਣ ਲਈ, ਤੁਹਾਨੂੰ ਸੁਰੱਖਿਆ ਜਾਂਚ ਦੇ ਵਿੱਚੋਂ ਲੰਘਣ ਦੀ ਜ਼ਰੂਰਤ ਹੋਏਗੀ। VCAT ਵਿੱਚ ਕੋਈ ਹਥਿਆਰ, ਕੱਚ ਜਾਂ ਤਿੱਖੀਆਂ ਚੀਜ਼ਾਂ ਨਾ ਲਿਆਓ।
- ਜਦੋਂ ਤੁਸੀਂ VCAT 'ਤੇ ਪਹੁੰਚਦੇ ਹੋ, ਡਾਇਰੈਕਟਰੀ ਸਕ੍ਰੀਨਾਂ ਵੇਖੋ, ਜਾਂ ਸਰਵਿਸ ਕਾਊਂਟਰ 'ਤੇ ਜਾ ਕੇ ਮਦਦ ਮੰਗੋ।
- ਜਦੋਂ ਤੱਕ ਤੁਹਾਨੂੰ ਅੰਦਰ ਨਹੀਂ ਬੁਲਾਇਆ ਜਾਂਦਾ, ਆਪਣੇ ਸੁਣਵਾਈ ਵਾਲੇ ਕਮਰੇ ਦੇ ਬਾਹਰ ਉਡੀਕ ਕਰੋ।
- ਆਪਣੇ ਨਾਲ ਲਿਆਓ: ਪਾਣੀ, ਪੂਰੀ ਤਰ੍ਹਾਂ ਚਾਰਜ ਕੀਤੇ ਉਪਕਰਣ, ਲਿਖਣ ਲਈ ਪੈੱਨ ਅਤੇ ਕਾਗਜ਼ ਅਤੇ ਤੁਹਾਡੇ ਮਾਮਲੇ ਨਾਲ ਸੰਬੰਧਿਤ ਕੋਈ ਦਸਤਾਵੇਜ਼।

## VCAT ਵਿਖੇ ਸਹਾਇਤਾ

VCAT ਵਿਖੇ ਕਿਸੇ ਸਹਾਇਤਾ ਕਰਨ ਵਾਲੇ ਵਿਅਕਤੀ ਨੂੰ ਆਪਣੇ ਨਾਲ ਲਿਆਉਣ ਲਈ ਤੁਹਾਡਾ ਸਵਾਗਤ ਹੈ। ਇਹ ਕੋਈ ਦੋਸਤ ਜਾਂ ਪਰਿਵਾਰ ਦਾ ਜੀਅ ਹੋ ਸਕਦਾ ਹੈ। ਜੇ ਤੁਸੀਂ VCAT ਅਤੇ ਇਸ ਦੀਆਂ ਕਾਰਵਾਈਆਂ ਤੋਂ ਜਾਣੂ ਕਿਸੇ ਵਿਅਕਤੀ ਤੋਂ ਵਾਧੂ ਸਹਾਇਤਾ ਚਾਹੁੰਦੇ ਹੋ, ਤਾਂ ਤੁਸੀਂ ਕੋਰਟ ਨੈੱਟਵਰਕ ਨਾਲ 1800 571 239 'ਤੇ ਸਹਾਇਤਾ ਬੁੱਕ ਕਰ ਸਕਦੇ ਹੋ।


VCAT ਵਿਖੇ ਉਪਲਬਧ ਹੋਰ ਸਹਾਇਤਾ ਸੇਵਾਵਾਂ ਵਿੱਚ ਸ਼ਾਮਲ ਹਨ, ਆਦਿਵਾਸੀ ਅਤੇ ਟੋਰੈੱਸ ਸਟ੍ਰੇਟ ਆਈਲੈਂਡਰ ਲੋਕਾਂ ਲਈ ਸਹਾਇਤਾ, ਪਹੁੰਚਯੋਗਤਾ ਵਿੱਚ ਸਹਾਇਤਾ, ਪਰਿਵਾਰਕ ਹਿੰਸਾ ਸਹਾਇਤਾ ਅਤੇ ਦੁਭਾਸ਼ੀਏ।

# ਸੁਣਵਾਈ ਵਾਲਾ ਕਮਰਾ

- ਜਦੋਂ ਤੁਹਾਨੂੰ ਸੁਣਵਾਈ ਲਈ ਬੁਲਾਇਆ ਜਾਂਦਾ ਹੈ, ਤਾਂ ਸੁਣਵਾਈ ਵਾਲੇ ਕਮਰੇ ਵਿੱਚ ਜਾਓ।
- ਆਪਣੇ ਫ਼ੋਨ ਨੂੰ ਸਾਈਲੈਂਟ ਮੋਡ 'ਤੇ ਲਗਾਓ।
- ਜਿੱਥੇ ਮੈਂਬਰ ਜਾਂ ਤੁਹਾਡਾ ਵਕੀਲ ਤੁਹਾਨੂੰ ਕਹਿੰਦਾ ਹੈ, ਉੱਥੇ ਬੈਠੋ।
- ਮੈਂਬਰ, ਤੁਹਾਨੂੰ ਅਤੇ ਦੂਜੀ ਧਿਰ ਨੂੰ ਤੁਹਾਡੇ ਮਾਮਲੇ ਬਾਰੇ ਸਵਾਲ ਪੁੱਛੇਗਾ। ਜੇ ਤੁਹਾਡੇ ਕੋਲ ਕੋਈ ਵਕੀਲ ਹੈ ਤਾਂ ਉਹ ਤੁਹਾਡੇ ਵਾਸਤੇ ਬੋਲ ਸਕਦੇ ਹਨ, ਪਰ ਜੇ ਤੁਹਾਡੇ ਕੋਲ ਨਹੀਂ ਹੈ ਤਾਂ ਤੁਸੀਂ ਮੈਂਬਰ ਨਾਲ ਖੁਦ ਗੱਲ ਕਰ ਸਕਦੇ ਹੋ। ਮੈਂਬਰ ਨੂੰ, ਮੈਂਬਰ ਕਹਿ ਕੇ ਬੁਲਾਓ।
- ਸਾਰੀ ਜਾਣਕਾਰੀ ਸੁਣਨ ਤੋਂ ਬਾਅਦ, ਮੈਂਬਰ ਫ਼ੈਸਲਾ ਕਰੇਗਾ ਕਿ ਅੱਗੇ ਕੀ ਕਰਨਾ ਹੈ। ਹੋ ਸਕਦਾ ਹੈ ਤੁਹਾਨੂੰ ਕਿਸੇ ਹੋਰ ਦਿਨ VCAT ਵਿੱਚ ਵਾਪਸ ਆਉਣ ਦੀ ਲੋੜ ਪਵੇ, ਜਾਂ ਹੋ ਸਕਦਾ ਹੈ ਕਿ ਤੁਹਾਡੇ ਮਾਮਲੇ ਨੂੰ ਅੰਤਿਮ ਰੂਪ ਦੇ ਦਿੱਤਾ ਜਾਵੇ।
- ਜੇ ਤੁਸੀਂ ਨਹੀਂ ਜਾਣਦੇ ਕਿ ਸੁਣਵਾਈ ਵਾਲੇ ਕਮਰੇ ਵਿੱਚ ਕੀ ਚੱਲ ਰਿਹਾ ਹੈ, ਤਾਂ ਮੈਂਬਰ ਨੂੰ ਸਵਾਲ ਪੁੱਛਣਾ ਠੀਕ ਹੈ।

# ਤੁਹਾਡੀ ਸੁਣਵਾਈ ਤੋਂ ਬਾਅਦ

- ਮੈਂਬਰ ਦੁਆਰਾ ਤੁਹਾਡੇ ਮਾਮਲੇ ਦੇ ਖ਼ਤਮ ਹੋਣ ਤੋਂ ਬਾਅਦ, ਤੁਹਾਨੂੰ ਦਸਤਾਵੇਜ਼ ਲੈਣ ਲਈ ਜਾਂ ਦਸਤਖ਼ਤ ਕਰਨ ਲਈ ਕਿਹਾ ਜਾ ਸਕਦਾ ਹੈ।
- ਸਰਵਿਸ ਕਾਊਂਟਰ 'ਤੇ ਜਾਓ ਅਤੇ ਵੇਖੋ ਕਿ ਕੀ VCAT ਛੱਡ ਕੇ ਜਾਣ ਤੋਂ ਪਹਿਲਾਂ ਤੁਹਾਨੂੰ ਕੁਝ ਕਰਨ ਦੀ ਜ਼ਰੂਰਤ ਹੈ।
- ਜੇ VCAT ਵਿੱਚ ਤੁਹਾਡੀ ਹਾਜ਼ਰੀ ਤੋਂ ਬਾਅਦ ਤੁਹਾਡੇ ਕੋਈ ਸਵਾਲ ਹਨ, ਜਾਂ ਤੁਸੀਂ ਇੱਥੇ ਵਾਪਸ ਆ ਰਹੇ ਹੋ ਅਤੇ ਸਹਾਇਤਾ ਚਾਹੁੰਦੇ ਹੋ, ਤਾਂ ਤੁਸੀਂ ਕੋਰਟ ਨੈੱਟਵਰਕ ਨੂੰ 1800 571 239 'ਤੇ ਫ਼ੋਨ ਕਰ ਸਕਦੇ ਹੋ।


ਮੈਂਬਰ
ਬਿਨੈਕਾਰ
ਜਵਾਬਦੇਹ
ਆਮ ਲੋਕਾਂ ਦੇ ਬੈਠਣ ਦੀ ਜਗ੍ਹਾ

Funded by
Victoria Law Foundation

ਕੋਰਟ ਨੈੱਟਵਰਕ
1800 571 239
www.courtnetwork.com.au
admin@courtnetwork.com.au

ਇਹ VCAT ਵਿੱਚ ਤੁਹਾਡੇ ਦਿਨ ਲਈ ਆਮ ਗਾਈਡ ਹੈ। VCAT ਦੀਆਂ ਕਾਰਵਾਈਆਂ ਬਦਲਣ ਨਾਲ ਜਾਣਕਾਰੀ ਬਦਲ ਸਕਦੀ ਹੈ।

ਔਨਲਾਈਨ ਸਰੋਤਾਂ ਤੱਕ ਪਹੁੰਚ ਕਰਨ ਲਈ, ਜਿਸ ਵਿੱਚ ਹੋਰ ਭਾਸ਼ਾਵਾਂ ਵੀ ਸ਼ਾਮਲ ਹਨ

ਕੋਰਟ ਨੈੱਟਵਰਕ ਨੂੰ ਸਿਫਾਰਸ਼ ਕਰਨ ਲਈ